ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/839 ਮਿਤੀ : 03/04/19
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਹਵਾਲਾ :- ਮੁੱਖ-ਦਫਤਰ ਵਲੋਂ ਜਾਰੀ ਪੱਤਰ ਨੰ : ਰਸਸ/ ਆਰ. ਟੀ. ਆਈ. / ਕਪੂਰਥਲਾ/ 1638, ਮਿਤੀ : 04.02.2019.

**ਯਾਦ ਪੱਤਰ :**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਬਲਦੇਵ ਕ੍ਰਿਸ਼ਨ ਪੁੱਤਰ ਸ੍ਰੀ ਦਰਸ਼ਨ ਲਾਲ ਵਾਸੀ ਰਾਇਲ ਕੰਟਰੀ ਕਲੋਨੀ, ਨੇੜੇ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਮੁੱਖ-ਦਫਤਰ ਵਲੋਂ ਨਿਪਟਾਰੇ ਹਿੱਤ ਪ੍ਰਾਪਤ ਹੋਈ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 06.03.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ .ਟੀ .ਆਈ .ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ. ਵਿ ਪੱ ਨੰ: 51/8/2014/2 ਆਰ. ਟੀ. ਆਈ. ਐਨ. ਸੀ. / 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਬਲਦੇਵ ਕ੍ਰਿਸ਼ਨ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 06.03.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲੈਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਦਫਤਰ:ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,ਚੰਡੀਗੜ੍ਹ।

(ਆਰ.ਟੀ.ਆਈ. ਸ਼ਾਖਾ)

ਦਫਤਰ ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ, ਜਲੰਧਰ ਮੰਡਲ
ਡਾਇਰੀ ਨੰਬਰ 165
08/02/19

ਵੱਲ,

ਫਸਟ ਅਪੀਲ ਅਥਾਰਿਟੀ
ਦਫਤਰ: ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ,ਜਲੰਧਰ।

ਮੀਮੋ ਨੰ:ਰਸਸ/ਆਰ.ਟੀ.ਆਈ/ਕਪੂਰਥਲਾ/ 1638
ਮਿਤੀ/ 04-02-2019

ਵਿਸ਼ਾ:- ਆਰ.ਟੀ.ਆਈ ਐਕਟ 2005 ਤਹਿਤ ਸੂਚਨਾ ਸਬੰਧੀ ਅਪੀਲ ਕੇਸ।

ਸ੍ਰੀ ਬਲਦੇਵ ਕ੍ਰਿਸ਼ਨ ਵਲੋਂ ਆਰ.ਟੀ.ਆਈ ਐਕਟ ਅਧੀਨ ਪਹਿਲੀ ਅਪੀਲ ਅਥਾਰਟੀ ਪਾਸ ਅਪੀਲ ਦਾਇਰ ਕੀਤੀ ਹੈ। ਪ੍ਰਾਰਥੀ ਨੇ ਆਪਣੀ ਪ੍ਰਤੀਬੇਨਤੀ ਮਿਤੀ 31-12-2018 ਜੋ ਪਹਿਲਾਂ ਹੀ ਲੋਕ ਸੂਚਨਾ ਅਫਸਰ ਉਪ- ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ ਨੂੰ ਭੇਜੀ ਸੀ। ਇਹ ਸੂਚਨਾ ਉਨਾਂ ਵਲੋਂ ਨਹੀਂ ਦਿੱਤੀ ਗਈ।

ਇਸ ਲਈ ਪਾਰਥੀ ਵਲੋਂ ਦਾ ਪ੍ਰਤੀਬੇਨਤੀ ਮਿਤੀ 12-01-2019 ਦਾਇਰ ਕੀਤੀ ਗਈ ਅਪੀਲ ਆਰ.ਟੀ.ਆਈ ਐਕਟ ਦੇ ਸੈਕਸ਼ਨ ਅਧੀਨ ਸਮਾਂਬੱਧ ਤਰੀਕੇ ਨਾਲ ਟਰਾਂਸਫਰ ਕਰਕੇ ਲਿਖਿਆ ਜਾਂਦਾ ਹੈ ਕਿ ਅਪੀਲ ਦਾ ਨਿਪਟਾਰਾ ਕੀਤਾ ਜਾਵੇ। ਜੇਕਰ ਕਮਿਸ਼ਨ ਵਲੋਂ ਕੋਈ ਅਡਵਰਸ ਹੁਕਮ ਪਾਸ ਕੀਤੇ ਜਾਂਦੇ ਹਨ ਤਾਂ ਉਸ ਸਬੰਧੀ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਨੱਥੀ:- ਅਪੀਲ।

ਲੋਕ ਸੂਚਨਾ ਅਫਸਰ

ਪਿੱਠ ਅੰਕਣ ਨੰ:ਰਸਸ/ਆਰ.ਟੀ.ਆਈ/ਕਪੂਰਥਲਾ/ ਮਿਤੀ

ਉਪਰੋਕਤ ਦਾ ਉਤਾਰਾ ਸ੍ਰੀ ਬਲਦੇਵ ਕ੍ਰਿਸ਼ਨ ਪੁੱਤਰ ਦਰਸ਼ਨ ਲਾਲ ਵਾਸੀ ਰਾਇਲ ਕੰਟਰੀ ਕਲੋਨੀ ਨੇੜੇ ਫਗਵਾੜਾ ਜ਼ਿਲ੍ਹਾ ਕਪੂਰਥਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਦਾਇਰ ਕੀਤੀ ਅਪੀਲ ਕੇਸ ਦੀ ਸੁਣਵਾਈ ਫਸਟ ਅਪੀਲ ਅਥਾਰਟੀ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਕੀਤੀ ਜਾਣੀ ਹੈ।

8/2/19.

ਲੋਕ ਸੂਚਨਾ ਅਫਸਰ

Right To information Act 2005

First appellate authority

ਸੇਵਾ ਵਿਖੇ

First appellate authority
Registar cooperative
Societies Punjab
sector 17, chandigarh

48
18/1/19

ਰੋਂ ਪੀਸ 123

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ ਬਲਦੇਵ ਕ੍ਰਿਸ਼ਨ S/o ਬਖਸ਼ੀਸ਼ ਲਾਲ ਵਾਸੀ Royal County Colony, Near - Taru da wara Phagwara ਦੇ ਅਧੀਨ Pio ਦਾ ਮਹਿਕਮਾ ਵਾਲਾ ਜਾਂ। ਮੈਂ 3/12/2018 ਨੂੰ R.T.I ਏਤਨ ਜਵਾਬ ਮੰਗਿਆ Registar cooperative Societies Punjab ਦੇ ਬਾਰੇ ਏਹ ਵੇਰਵੇ

(1) Baldev Krishan ਦੀ cooperative societies ਦੇ ਬਾਰੇ, ਕੀ ਸੀ ਤੇ ਉਸ ਬਾਰੇ ਬਾਰੇ ਲਿਖਤ ਕਾਰਵਾਈ ਸੀ ਉਸ ਵੱਲੋਂ ਬਾਰੇ ਲਿਖਤ, ਇਹ ਵੇਰਵੇ, ਲਿਖਤੀਆਂ ਦਸਤਾਵੇਜ਼ ਦੀ ਵੋਟ ਕਾਪੀ ਭੇਜੀ ਜਾਵੇ ਅਤੇ ਬਾਰੇ ਲਿਖਤ ਨਾਲ ਲਿਖਤੀਆਂ ਗਵਾਹੀਆਂ ਸਨ ਉਹਨਾਂ ਦੀ ਵੋਟ ਕਾਪੀ ਭੇਜੀ ਜਾਵੇ।

(2) Baldev Krishan ਵੱਲੋਂ 2018 ਵਿੱਚ ਬਕਾਇਆ ਮੁਆਫੀ ਕਰਵਾਈ ਸੀ ਅਕਾਊਂਟ ਚੈੱਕ, ਬਕਾਇਆ ਮੁਆਫੀ ਕਿਵੇਂ ਕਿਤਨਾ ਸੀ। ਉਸ ਦੀ ਵੋਟ ਕਾਪੀ ਤਸਦੀਕ ਕਰਕੇ ਭੇਜੀ ਜਾਵੇ। ਇਤੇ ਬਕਾਇਆ Baldev ਦੇ cooperative societies Dyalpur ਵੱਲੋਂ ਭੇਜੇ ਗਏ ਕਾਗਜ਼ਾਤ ਤਸਦੀਕ ਕਰਕੇ ਭੇਜੇ ਜਾਣ।

ਮੈਂ ਸੀ ਉਸ ਦੀਆਂ ਵੋਟ ਕਾਪੀਆਂ ਤਸਦੀਕ ਕਰਕੇ ਭੇਜੀਆਂ ਜਾਣ। R.T.I ਦਾ Pio ਵੱਲੋਂ ਮੈਨੂੰ 3/12/2018 ਦੀ R.T.I ਦਾ ਜਵਾਬ ਤਸੱਲੀ ਵੱਲੋਂ ਨਹੀਂ ਭੇਜਿਆ ਗਿਆ। ਕ੍ਰਿਪਾ ਕਰਕੇ ਇਹ ਜਵਾਬ ਤੁਰੰਤ ਵੱਲੋਂ ਭੇਜੇ ਜਵਾਬ ਨਹੀਂ ਭੇਜਿਆ ਗਿਆ। ਕ੍ਰਿਪਾ ਕਰਕੇ ਜਵਾਬ ਦੀ ਕਾਪੀ ਨਾਲ ਹੀ ਭੇਜਿਆ ਜਾਵੇ।

13/12/2018 ਦੀ R.T.I ਦੀ ਦਰਖਾਸਤ ਦੀ ਕਾਪੀ ਨਾਲ ਹੈ।

ਬਲਦੇਵ ਕ੍ਰਿਸ਼ਨ
Royal county colony
Near - Taru da wara
Phagwara

ਮਿਤੀ - 12/1/2019

M - 99153-83639

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ ...338...... ਮਿਤੀ : 03/04/19
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਬਲਦੇਵ ਕ੍ਰਿਸ਼ਨ ਪੁੱਤਰ ਸ੍ਰੀ ਦਰਸ਼ਨ ਲਾਲ,
   ਵਾਸੀ ਰਾਇਲ ਕੰਟਰੀ ਕਲੌਨੀ, ਨੇੜੇ ਫਗਵਾੜਾ,
   ਜ਼ਿਲ੍ਹਾ ਕਪੂਰਥਲਾ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ, ਕਪੂਰਥਲਾ।

ਵਿਸ਼ਾ :- ਆਰ.ਟੀ.ਆਈ.ਐਕਟ-2005 ਦੇ ਸੈਕਸ਼ਨ 19 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ (ਵਲੋਂ ਸ੍ਰੀ ਬਲਦੇਵ ਸਿੰਘ ਪੁੱਤਰ ਸ੍ਰੀ ਦਰਸ਼ਨ ਲਾਲ)।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਇਹ ਅਪੀਲ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ ਦੇ ਪੱਤਰ ਨੰ : ਰਸਸ/ ਆਰ.ਟੀ.ਆਈ./ ਕਪੂਰਥਲਾ/ 1638, ਮਿਤੀ : 04.02.2019 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 6(3) ਤਹਿਤ ਇਸ ਦਫਤਰ ਨੂੰ ਨਿਪਟਾਰੇ ਹਿੱਤ ਪ੍ਰਾਪਤ ਹੋਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 31.12.2018 ਰਾਹੀਂ ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਕਪੂਰਥਲਾ ਪਾਸੋਂ ਸੂਚਨਾ ਮੰਗੀ ਗਈ, ਪਰੰਤੂ ਅਪੀਲਕਰਤਾ ਨੂੰ ਪਬਲਿਕ ਇਨਫਰਮੇਸ਼ਨ ਅਫਸਰ (ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਕਪੂਰਥਲਾ) ਪਾਸੋਂ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਅਪੀਲਕਰਤਾ ਵਲੋਂ ਸੂਚਨਾ ਦਿਵਾਉਣ ਲਈ ਬੇਨਤੀ ਕੀਤੀ ਗਈ ਹੈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 27.02.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ ਅਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਕਪੂਰਥਲਾ ਦੇ ਦਫਤਰ ਵਲੋਂ ਸ੍ਰੀ ਨਰਿੰਦਰ ਕੁਮਾਰ, ਸਟੈਨੋ ਟਾਈਪਿਸਟ ਹਾਜਰ ਆਇਆ। ਹਾਜਰ ਆਏ ਕਰਮਚਾਰੀ ਵਲੋਂ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਅਪੀਲਕਰਤਾ ਵਲੋਂ ਦਰਖਾਸਤ

.........2........

ਮਿਤੀ : 31.12.2018 ਰਾਹੀਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਪ੍ਰਾਰਥੀ ਨੂੰ ਮੁਹੱਈਆ ਕਰਵਾਈ ਗਈ ਸੂਚਨਾ ਦੀ ਕੰਨਫਰਮੇਸ਼ਨ ਵਾਸਤੇ ਅਪੀਲ ਦੀ ਸੁਣਵਾਈ ਦੀ ਅਗਲੀ ਮਿਤੀ : 06.03.2019 ਰੱਖੀ ਜਾਂਦੀ ਹੈ।

ਮਿਤੀ : 06.03.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਫਿਰ ਹਾਜਰ ਨਹੀਂ ਆਇਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਕਪੂਰਥਲਾ ਦਫਤਰ ਵਲੋਂ ਹਾਜਰ ਆਏ ਸ੍ਰੀ ਨਰਿੰਦਰ ਕੁਮਾਰ, ਸਟੈਨੋ ਟਾਈਪਿਸਟ ਵਲੋਂ ਦੱਸਿਆ ਗਿਆ ਕਿ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਕਪੂਰਥਲਾ ਵਲੋਂ ਜਾਰੀ ਪੱਤਰ ਨੰ : ਡੀ.ਆਰ.ਕੇ./ ਸੁਪਰਡੈਂਟ/ 489, ਮਿਤੀ : 25.02.2019 ਰਾਹੀਂ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 31.12.2018 ਰਾਹੀਂ ਮੰਗੀ ਗਈ ਸੂਚਨਾ (ਪੰਨੇ 01 ਤੋਂ 11) ਪ੍ਰਾਰਥੀ ਨੂੰ ਉਪਲਬੱਧ ਕਰਵਾਈ ਜਾ ਚੁੱਕੀ ਹੈ। ਸ੍ਰੀ ਨਰਿੰਦਰ ਕੁਮਾਰ, ਸਟੈਨੋ ਟਾਈਪਿਸਟ ਵਲੋਂ ਇਸ ਸਬੰਧੀ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਕਪੂਰਥਲਾ ਵਲੋਂ ਜਾਰੀ ਪੱਤਰ ਨੰ : ਡੀ.ਆਰ.ਕੇ./ ਸੁਪਰਡੈਂਟ/ 489, ਮਿਤੀ : 25.02.2019 ਦੀ ਕਾਪੀ ਪੇਸ਼ ਕੀਤੀ ਗਈ ਅਤੇ ਇਹ ਪੱਤਰ ਰਜਿਸਟਰਡ ਡਾਕ ਰਾਹੀਂ ਅਪੀਲਕਰਤਾ ਨੂੰ ਭੇਜਣ ਸਬੰਧੀ ਡਾਕ ਵਿਭਾਗ ਵਲੋਂ ਜਾਰੀ ਰਸੀਦ ਮਿਤੀ : 25.02.2019 ਵੀ ਪੇਸ਼ ਕੀਤੀ ਗਈ। ਸੁਣਵਾਈ ਦੌਰਾਨ ਪੇਸ਼ ਕੀਤੀ ਗਏ ਰੀਕਾਰਡ ਤੋਂ ਇਹ ਗੱਲ ਸਪਸ਼ਟ ਹੈ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਸਨੂੰ ਉਪਲਬੱਧ ਕਰਵਾਈ ਜਾਂ ਚੁੱਕੀ ਹੈ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਮਿਤੀ : 06.03.2019.

(ਐਪੀਲੈਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।